## NTPN ਮਾਰਥਾ-ਕੇਅਰ ਟੀਮ ਨੂੰ ਮਿਲੋ

### ਸਲਾਹਕਾਰ



Craig Knott



Jenny Pallawela



Beatrice Allnutt



Javier Gavela

### ਪਰਿਵਾਰਕ ਸਹਾਇਤਾ ਨਰਸਾਂ



Kylie Lyons



Anne Dowson



Annie Bruce

North Thames Paediatric Network
Connecting paediatric services

Punjabi

# ਮਾਰਥਾ-ਕੇਅਰ

**ਸੰਚਾਰ ਸਹਾਇਤਾ ਅਤੇ ਤੁਰੰਤ ਵਾਧਾ**

# ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

ਨੌਰਥ ਥੇਮਸ ਪੀਡੀਆਟ੍ਰਿਕ ਨੈੱਟਵਰਕ ਪਾਇਲਟ ਪ੍ਰੋਜੈਕਟ

martha's rule
detecting deterioration

Children's Acute Transport Service
NHS

## ਨੋਰਥ ਥੇਮਸ ਪੀਡੀਆਟ੍ਰਿਕ ਨੈੱਟਵਰਕ ਕੌਣ ਹਨ?

ਅਸੀਂ ਇੱਕ ਟੀਮ ਹਾਂ ਜੋ ਲੰਡਨ ਵਿੱਚ, ਥੇਮਸ ਨਦੀ ਦੇ ਉੱਤਰ ਵਿੱਚ ਬੱਚਿਆਂ ਦੀਆਂ ਸੇਵਾਵਾਂ ਵਾਲੇ ਸਾਰੇ ਹਸਪਤਾਲਾਂ ਅਤੇ ਪੂਰਬ ਵਿੱਚ ਲੰਡਨ ਤੋਂ ਬਾਹਰ ਦੇ ਕੁਝ ਹਸਪਤਾਲਾਂ ਦਾ ਸਮਰਥਨ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਇਹਨਾਂ ਹਸਪਤਾਲਾਂ ਦੁਆਰਾ ਦੇਖਭਾਲ ਕੀਤੇ ਗਏ ਸਾਰੇ ਬੱਚਿਆਂ ਨੂੰ ਸੁਰੱਖਿਅਤ ਅਤੇ ਉੱਚ-ਗੁਣਵੱਤਾ ਵਾਲੀ ਦੇਖਭਾਲ ਤੱਕ ਬਰਾਬਰ ਪਹੁੰਚ ਪ੍ਰਾਪਤ ਹੋਵੇ।

## ਮਾਰਥਾ-ਕੇਅਰ ਕੀ ਹੈ?

ਮਾਰਥਾ-ਕੇਅਰ ਹਸਪਤਾਲ ਵਿੱਚ ਤੁਹਾਡੇ ਬੱਚੇ ਬਾਰੇ ਚਿੰਤਤ ਹੋਣ 'ਤੇ ਮਦਦ ਪ੍ਰਾਪਤ ਕਰਨ ਦਾ ਇੱਕ ਵੱਖਰਾ ਤਰੀਕਾ ਹੈ। ਇਹ ਨੌਰਥ ਥੇਮਸ ਪੀਡੀਆਟ੍ਰਿਕ ਨੈੱਟਵਰਕ (North Thames Paediatric Network, NTPN) ਦੁਆਰਾ ਪ੍ਰਦਾਨ ਕੀਤੀ ਗਈ ਇੱਕ ਸੇਵਾ ਹੈ ਅਤੇ NHS ਦੁਆਰਾ ਚਲਾਏ ਜਾ ਰਹੇ ਇੱਕ ਵੱਡੇ ਪ੍ਰੋਜੈਕਟ, ਜਿਸਨੂੰ **ਮਾਰਥਾ ਦਾ ਨਿਯਮ** ਕਿਹਾ ਜਾਂਦਾ ਹੈ, ਦਾ ਹਿੱਸਾ ਹੈ।

## ਮਾਰਥਾ ਦਾ ਨਿਯਮ ਕੀ ਹੈ?

ਤੁਸੀਂ ਖ਼ਬਰਾਂ ਵਿੱਚ ਜਾਂ ਹਸਪਤਾਲ ਵਿੱਚ ਪੋਸਟਰਾਂ 'ਤੇ ਮਾਰਥਾ ਦੇ ਨਿਯਮ ਬਾਰੇ ਸੁਣਿਆ ਹੋਵੇਗਾ। ਇਸਨੂੰ ਕਈ ਵਾਰ *'ਚਿੰਤਾ ਦਾ ਸੰਕੇਤ (Call for Concern)'* ਵੀ ਕਿਹਾ ਜਾਂਦਾ ਹੈ। ਇਹ ਨਾਮ ਇੱਕ ਅਜਿਹੇ ਮਾਮਲੇ ਤੋਂ ਆਇਆ ਹੈ ਜਿੱਥੇ ਮਾਰਥਾ ਨਾਮ ਦੀ ਇੱਕ ਕੁੜੀ ਹਸਪਤਾਲ ਵਿੱਚ ਬਹੁਤ ਬਿਮਾਰ ਹੋ ਗਈ ਸੀ ਅਤੇ ਉਸਦੇ ਪਰਿਵਾਰ ਦੀਆਂ ਉਸ ਬਾਰੇ ਚਿੰਤਾਵਾਂ ਸੁਣੀਆਂ ਨਹੀਂ ਗਈਆਂ ਸਨ। ਮਾਰਥਾ ਦੇ ਮਾਤਾ-ਪਿਤਾ ਇਹ ਯਕੀਨੀ ਬਣਾਉਣਾ ਚਾਹੁੰਦੇ ਸਨ ਕਿ ਜੇਕਰ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਆਪਣੇ ਬੱਚੇ ਬਾਰੇ ਕੋਈ ਚਿੰਤਾ ਹੈ ਤਾਂ ਉਹ ਮਦਦ ਪ੍ਰਾਪਤ ਕਰਨ ਅਤੇ ਉਨ੍ਹਾਂ ਦੀ ਗੱਲ ਸੁਣੀ ਜਾਵੇ।

## ਮਾਰਥਾ-ਕੇਅਰ ਕਿਵੇਂ ਕੰਮ ਕਰਦੀ ਹੈ?

ਮਾਰਥਾ-ਕੇਅਰ ਹਸਪਤਾਲ ਵਿੱਚ ਮਦਦ ਪ੍ਰਾਪਤ ਕਰਨ ਦਾ ਇੱਕ ਹੋਰ ਤਰੀਕਾ ਹੈ ਜੇਕਰ ਤੁਸੀਂ ਮਾਰਥਾ ਦੇ ਨਿਯਮ ਜਾਂ 'ਚਿੰਤਾ ਦੇ ਸੰਕੇਤ ਦੀ ਵਰਤੋਂ ਕਰਨ ਤੋਂ ਬਾਅਦ ਵੀ ਚਿੰਤਤ ਮਹਿਸੂਸ ਕਰਦੇ ਹੋ। ਇਹ ਇੱਕ ਅਜਿਹਾ ਫ਼ੋਨ ਨੰਬਰ ਹੈ ਜਿਹੜਾ ਕਿਸੇ ਹੋਰ ਟੀਮ ਨੂੰ ਲੱਗਦਾ ਹੈ ਜੋ ਤੁਹਾਡੇ ਮੌਜੂਦਾ ਹਸਪਤਾਲ ਵਿੱਚ ਨਹੀਂ ਹੈ। ਇਸਨੂੰ ਚਿਲਡਰਨਜ਼ ਐਕਿਊਟ ਟ੍ਰਾਂਸਪੋਰਟ ਸਰਵਿਸ (Children's Acute Transport Service, CATS) ਕਿਹਾ ਜਾਂਦਾ ਹੈ। CATS ਇੱਕ ਵਿਸ਼ੇਸ਼ ਸੇਵਾ ਹੈ ਜੋ ਬਹੁਤ ਬਿਮਾਰ ਬੱਚਿਆਂ ਵਾਲੇ ਹਸਪਤਾਲਾਂ ਦਾ ਸਮਰਥਨ ਕਰਦੀ ਹੈ। ਤੁਸੀਂ ਆਪਣੇ ਡਾਕਟਰ ਜਾਂ ਨਰਸ ਨੂੰ ਮਾਰਥਾ-ਕੇਅਰ ਕਾਲ ਕਰਨ ਲਈ ਕਹਿ ਸਕਦੇ ਹੋ। ਇਹ ਨੰਬਰ 24/7 ਉਪਲਬਧ ਹੈ।



## ਕਾਲ 'ਤੇ ਕੀ ਹੁੰਦਾ ਹੈ?

ਤੁਹਾਡੀ ਸਥਾਨਕ ਟੀਮ ਵੱਲੋਂ ਤੁਹਾਡੇ ਬੱਚੇ ਬਾਰੇ ਅਤੇ ਹਸਪਤਾਲ ਵਿੱਚ ਕੀ ਹੋ ਰਿਹਾ ਹੈ, ਬਾਰੇ CATS ਦੇ ਸਲਾਹਕਾਰ ਨੂੰ ਦੱਸਣ ਤੋਂ ਬਾਅਦ ਤੁਸੀਂ ਉਨ੍ਹਾਂ ਨਾਲ ਗੱਲ ਕਰ ਸਕੋਗੇ। ਤੁਹਾਨੂੰ ਤੁਹਾਡੀਆਂ ਚਿੰਤਾਵਾਂ ਬਾਰੇ ਅਤੇ ਤੁਹਾਨੂੰ ਮਾਰਥਾ-ਕੇਅਰ ਕਾਲ ਦੀ ਲੋੜ ਕਿਉਂ ਪਈ, ਬਾਰੇ ਪੁੱਛਿਆ ਜਾਵੇਗਾ। ਆਮ ਕੰਮਕਾਜੀ ਸਮੇਂ ਦੌਰਾਨ, ਇੱਕ ਪਰਿਵਾਰਕ ਸਹਾਇਤਾ ਨਰਸ ਵੀ ਤੁਹਾਨੂੰ ਫ਼ੋਨ 'ਤੇ ਮਦਦ ਦੇਣ ਲਈ ਉਪਲਬਧ ਹੋਵੇਗੀ। ਜੇ ਤੁਹਾਡੇ ਬੱਚੇ ਦੀ ਦੇਖਭਾਲ ਵਿੱਚ ਕੋਈ ਮਾਹਿਰ ਟੀਮ ਸ਼ਾਮਲ ਹੈ, ਤਾਂ ਉਨ੍ਹਾਂ ਨੂੰ ਵੀ ਇਸ ਕਾਲ 'ਤੇ ਬੁਲਾਇਆ ਜਾ ਸਕਦਾ ਹੈ। ਅਸੀਂ ਤੁਹਾਡੀਆਂ ਚਿੰਤਾਵਾਂ ਵਿੱਚ ਤੁਹਾਡੀ ਮਦਦ ਕਰਨ ਲਈ, ਤੁਹਾਡੇ ਅਤੇ ਤੁਹਾਡੇ ਬੱਚੇ ਦੇ ਡਾਕਟਰਾਂ ਤੇ ਨਰਸਾਂ ਨਾਲ ਮਿਲ ਕੇ ਕੰਮ ਕਰਨ ਦੀ ਕੋਸ਼ਿਸ਼ ਕਰਾਂਗੇ।



## ਅੱਗੇ ਕੀ ਹੋਵੇਗਾ?

ਮਾਰਥਾ-ਕੇਅਰ ਦੀਆਂ ਪਰਿਵਾਰਕ ਸਹਾਇਤਾ ਨਰਸਾਂ, ਤੁਹਾਡੇ ਵੱਲੋਂ ਮਾਰਥਾ-ਕੇਅਰ ਸੇਵਾ ਦੀ ਵਰਤੋਂ ਕਰਨ ਤੋਂ 4 ਤੋਂ 6 ਹਫ਼ਤਿਆਂ ਬਾਅਦ ਤੁਹਾਡੇ ਨਾਲ ਗੱਲ ਕਰਨਗੀਆਂ ਅਤੇ ਉਹ ਤੁਹਾਡਾ ਅਤੇ ਤੁਹਾਡੇ ਬੱਚੇ ਦਾ ਹਾਲ-ਚਾਲ ਪੁੱਛਣਗੀਆਂ ਅਤੇ ਇਹ ਵੀ ਪੁੱਛਣਗੀਆਂ ਕਿ ਤੁਹਾਨੂੰ ਸਾਡੀ ਸੇਵਾ ਬਾਰੇ ਕੀ ਲੱਗਿਆ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਅਸੀਂ ਸਭ ਤੋਂ ਵਧੀਆ ਦੇਖਭਾਲ ਪ੍ਰਦਾਨ ਕਰ ਰਹੇ ਹਾਂ, ਇਸ ਲਈ ਅਸੀਂ ਤੁਹਾਡੇ ਵਿਚਾਰ ਸੁਣਨਾ ਚਾਹੁੰਦੇ ਹਾਂ।



## ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਜੇਕਰ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਆਪਣੇ ਨਰਸ ਜਾਂ ਡਾਕਟਰ ਨਾਲ ਗੱਲ ਕਰੋ। ਜਾਂ ਹੇਠ ਲਿਖੀਆਂ ਵੈੱਬਸਾਈਟਾਂ 'ਤੇ ਕਾਫ਼ੀ ਹੋਰ ਜਾਣਕਾਰੀ ਉਪਲਬਧ ਹੈ:

NHS ਇੰਗਲੈਂਡ - https://www.england.nhs.uk/patient-safety/marthas-rule/
NTPN - ਮਾਰਥਾ ਦਾ ਨਿਯਮ https://ntpn.co.uk/marthas-rule-2/